# ਲਿਬਰਹਾਂਸ ਕਮਿਸ਼ਨ ਦੀ ਰਿਪੋਰਟਃ ਮੁਜਰਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ

6 ਦਸੰਬਰ 1992 ਨੂੰ ਬਾਬਰੀ ਮਸਜਿਦ ਨੂੰ ਢਾਅ ਢੇਰੀ ਕਰਨ ਬਾਰੇ ਅਤੇ ਉਸ ਦੇ ਬਾਅਦ ਹੋਈ ਕਤਲੋਗਾਰਤ ਦੀ ਜਾਂਚ ਲਈ ਥਾਪੇ ਗਏ ਲਿਬਰਹਾਂਸ ਕਮਿਸ਼ਨ ਨੇ ਕਰੋੜਾਂ ਰੁਪਏ ਖ਼ਰਚ ਕਰਕੇ ਸਤਾਰਾਂ ਸਾਲ ਬਾਅਦ ਹੁਣ ਜਾ ਕੇ ਆਪਣੀ ਜਾਂਚ ਦੀ ਰਿਪੋਰਟ ਦਿਤੀ ਹੈ ਜੋ ਕੁਝ ਦਿਨ ਪਹਿਲਾਂ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ। ਇਸ ਰਿਪੋਰਟ ਬਾਰੇ ਪਾਰਲੀਮੈਂਟ ਵਿਚ ਵੀ ਸ਼ੋਰ ਪਿਆ ਅਤੇ ਮੀਡੀਆ ਨੇ ਵੀ ਦੋ ਤਿਨ ਦਿਨ ਕਾਫ਼ੀ ਰੌਲਾ ਪਾਇਆ ਲੇਕਿਨ ਦੋ ਤਿੰਨ ਦਿਨਾਂ ਬਾਅਦ ਸਭ ਠੁੱਸ ਹੋ ਗਿਆ ਅਤੇ ਸਾਫ਼ ਹੋ ਗਿਆ ਕਿ ਪਰਨਾਲਾ ਉਥੇ ਹੀ ਵਗੇਗਾ। ਲਿਬਰਹਾਂਸ ਕਮਿਸ਼ਨ ਨੇ ਬੀਜੇਪੀ, ਵਿਸ਼ਵ ਹਿੰਦੂ ਪ੍ਰੀਸ਼ਦ, ਆਰ ਆਰ ਐਸ ਵਰਗੀਆਂ ਜਥੇਬੰਦੀਆਂ ਦੇ ਨਾਲ ਨਾਲ 68 ਅਜੇਹੇ ਵਿਅਕਤੀਆਂ ਦੇ ਵੀ ਨਾਂ ਲਏ ਹਨ ਜਿਨ੍ਹਾਂ ਨੇ ਮਸੀਤ ਢਾਉਣ ਵਿਚ ਹਿੱਸਾ ਪਾਇਆ ਸੀ, ਪਰ ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਕਿਸੇ ਦੇ ਖ਼ਿਲਾਫ਼ ਕੋਈ ਸਜ਼ਾ ਦੇਣ ਦਾ ਕੰਮ ਨਹੀਂ ਕਰਨਾ ਚਾਹੀਦਾ ਹੈ। ਬੀ ਜੇ ਪੀ ਅਤੇ ਹੋਰਨਾਂ ਕਈ ਪਾਰਟੀਆਂ ਨੇ ਕਾਂਗਰਸ ਦੀ ਕੇਂਦਰੀ ਸਰਕਾਰ ਅਤੇ ਉਸ ਸਮੇਂ ਦੇ ਪ੍ਰਧਾਨ ਮੰਤ੍ਰੀ ਨਰਸਿਮਹਾ ਰਾਉ ਨੂੰ ਵੀ ਇਸ ਲਈ ਜ਼ਿੰਮੇਵਾਰ ਠਹਿਰਾਇਆ। ਕਿਉਂਕਿ ਉਸ ਨੇ ਇਸ ਸਾਰੀ ਗੁੰਡਾਗਰਦੀ ਤੋਂ ਅੱਖਾਂ ਮੀਟ ਲਈਆਂ ਅਤੇ ਮਸੀਤ ਢਾਉਣ ਵਾਲਿਆਂ ਨੂੰ ਖੁੱਲ੍ਹੀ ਛੁੱਟੀ ਦੇ ਦਿਤੀ। ਪੁਲੀਸ, ਨੀਮ ਫ਼ੌਜ ਅਤੇ ਅਫ਼ਸਰਸ਼ਾਹੀ ਨੇ ਵੀ ਆਪਣੀਆਂ ਅੱਖਾਂ ਮੀਟ ਲਈਆਂ ਅਤੇ ਗੁੰਡਿਆਂ ਨੇ ਬੀ ਜੇ ਪੀ ਅਤੇ ਕਾਂਗਰਸ ਦੀ ਸ਼ੈਹ ਤੇ ਇਹ ਘਿਨੌਣਾ ਕੰਮ ਪਰਵਾਨ ਚੜ੍ਹਾਇਆ। ਹਮੇਸ਼ਾ ਇਸ ਤਰਾਂ ਹੀ ਹੁੰਦਾ ਹੈ ਕਿ ਸਿਆਸਤਦਾਨ, ਸਰਕਾਰੀ ਅਫਸਰ, ਗੁੰਡੇ ਅਤੇ ਪੁਲੀਸ ਰਲ ਮਿਲ ਕੇ ਹੀ ਇਹੋ ਜਿਹੇ ਕੰਮ ਕਰਵਾਉਂਦੇ ਹਨ।

ਲਿਬਰਹਾਂਸ ਕਮੀਸ਼ਨ ਦੀ ਰਿਪੋਰਟ ਅਤੇ ਪਾਰਲੀਮੈਂਟ ਵਿਚ ਹੋਈ ਬਹਿਸ ਵਿਚ ਇਕ ਗੱਲ ਇਕ ਬਾਰ ਫਿਰ ਸਾਫ਼ ਹੋ ਗਈ ਕਿ ਹਿੰਦੁਸਤਾਨ ਦੀ ਹਾਕਮ ਜਮਾਤ, ਇਨ੍ਹਾਂ ਦੀਆਂ ਪਾਰਟੀਆਂ ਅਤੇ ਰਾਜ ਤੰਤ੍ਰ ਹੀ ਫਿਰਕੂ ਹਿੰਸਾ ਜਥੇਬੰਦ ਕਰਦੇ ਹਨ ਅਤੇ ਆਪਣੇ ਹਿਤਾਂ ਖਾਤਰ ਲੋਕਾਂ ਦਾ ਖ਼ੂਨ ਵਹਾਉਂਦੇ ਹਨ। ਬਾਬਰੀ ਮਸਜਿਦ ਢਾਉਣ ਅਤੇ ਉਸਦੇ ਬਾਅਦ ਦੇ ਕਤਲੇਆਮ ਲਈ ਹਾਕਮ ਜਮਾਤਾਂ ਪੂਰੀ ਤਰਾਂ ਜ਼ਿੰਮੇਵਾਰ ਸਨ।

1947 ਤੋਂ ਲੈਕੇ ਹੁਣ ਤੱਕ ਅਣਗਿਣਤ ਲੋਕ ਫਿਰਕੂ ਹਿੰਸਾ ਅਤੇ ਤਸ਼ੱਦਦ ਦੇ ਸ਼ਿਕਾਰ ਹੋਏ ਹਨ, ਅਰਬਾਂ ਖਰਬਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ ਹੈ ਪਰ ਅੱਜ ਤਕ ਕਿਸੇ ਨੂੰ ਵੀ ਇਨ੍ਹਾਂ ਜੁਰਮਾਂ ਵਿਚ ਕੋਈ ਸਜ਼ਾ ਨਹੀਂ ਦਿਤੀ ਗਈ। ਲਿਬਰਹਾਂਸ ਕਮੀਸ਼ਨ ਦੀ ਰਿਪੋਰਟ ਵੀ ਇਹੋ ਐਲਾਨ ਕਰਦੀ ਹੈ ਕਿ ਇਸ ਜੁਰਮ ਲਈ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਦਿਤੀ ਜਾਵੇਗੀ।

ਲੋਕ ਬਾਰ ਬਾਰ ਪੁੱਛਦੇ ਹਨ ਕਿ ਇਨ੍ਹਾਂ ਮੁਜਰਮਾਂ ਨੂੰ ਕਿਸ ਤਰਾਂ ਸਜ਼ਾ ਦਿੱਤੀ ਜਾਵੇ? ਉਹ ਚਾਹੁੰਦੇ ਹਨ ਕਿ ਇਨ੍ਹਾਂ ਕਾਤਲਾਂ ਨੂੰ ਸਜ਼ਾ ਮਿਲੇ ਪਰ ਰਾਜ ਤੰਤ੍ਰ, ਕਚਹਿਰੀਆਂ ਅਤੇ ਹੋਰ ਕੋਈ ਵੀ ਸਰਕਾਰੀ ਅਦਾਰਾ ਇਨ੍ਹਾਂ ਕਾਤਲਾਂ ਨੂੰ ਸਜ਼ਾ ਦੇਣ ਵਿਚ ਦਿਲਚਸਪੀ ਨਹੀਂ ਰਖਦਾ। ਮਿਸਾਲ ਦੇ ਤੌਰ ਤੇ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਨੂੰ 25 ਸਾਲ ਹੋ ਗਏ ਹਨ। ਪਰ ਅੱਜ ਤਾਂਈ ਕਿਸੇ ਵੀ ਮੁਜਰਮ ਨੂੰ ਸਜ਼ਾ ਨਹੀਂ ਮਿਲੀ। ਕਾਂਗਰਸ ਦੇ ਜਗਦੀਸ਼ ਟਾਈਟਲਰ ਅਤੇ ਹੋਰ ਆਗੂ ਜੋ ਇਸ ਕਤਲੋਗਾਰਤ ਨੂੰ ਸ਼ਹਿ ਦੇਣ ਦੇ ਜ਼ਿੰਮੇਵਾਰ ਸਮਝੇ ਜਾਂਦੇ ਹਨ ਅੱਜ ਵੀ ਬੇਖ਼ੌਫ਼ ਖੁੱਲ੍ਹੇ ਫਿਰ ਰਹੇ ਹਨ। 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲ ਕਰਨ ਵਾਲੇ ਸਿਆਸੀ ਕਾਰਕੁਨ ਤੇ ਸਰਕਾਰੀ ਬੰਦੇ ਵੀ ਖੁੱਲ੍ਹੇ ਫਿਰ ਰਹੇ ਹਨ।

ਹਾਕਮ ਜਮਾਤਾਂ, ਉਨ੍ਹਾਂ ਦੇ ਰਾਜ ਤੰਤ੍ਰ, ਸਿਆਸੀ ਪਾਰਟੀਆਂ, ਪਾਰਲੀਮੈਂਟ ਅਤੇ ਅਦਾਲਤਾਂ ਨੇ ਸ਼ਰ੍ਹੇਆਮ ਐਲਾਨ ਕਰ ਦਿੱਤਾ ਹੈ ਕਿ ਉਹ ਲੋਕਾਂ ਨਾਲ ਨਾ ਤਾਂ ਇਨਸਾਫ਼ ਕਰਨਾ ਚਾਹੁੰਦੇ ਹਨ ਤੇ ਨਾ ਹੀ ਕਾਤਲਾਂ ਨੂੰ ਸਜ਼ਾ ਦੇਣਾ ਚਾਹੁੰਦੇ ਹਨ। ਇਸ ਲਈ ਲਗਦਾ ਹੈ ਕਿ ਲੋਕਾਂ ਨੂੰ ਇਹ ਕੰਮ ਆਪ ਹੀ ਕਰਨਾ ਪਵੇਗਾ। ਤਾਰੀਖ਼ ਵਿਚ ਪਹਿਲਾਂ ਕਈ ਬਾਰ ਇਸ ਤਰ੍ਹਾਂ ਹੋਇਆ ਹੈ ਜਦੋਂ ਲੋਕਾਂ ਨੇ ਆਪ ਖ਼ੁਦ ਇਨਸਾਫ਼ ਕਰਨ ਦਾ ਫੈਸਲਾ ਕਰ ਲਿਆ ਅਤੇ ਕਾਤਲਾਂ ਨੂੰ ਸਜ਼ਾ ਦਿੱਤੀ। ਸ਼ਾਇਦ ਉਹ ਸਮਾਂ ਇਕ ਬਾਰ ਫਿਰ ਆ ਗਿਆ ਹੈ। ਲੋਕਾਂ ਨੂੰ ਇਨਸਾਫ਼ ਅਤੇ ਕਾਤਲਾਂ ਨੂੰ ਸਜ਼ਾ ਦੇਣ ਦਾ ਮਸਲਾ ਆਪਣੇ ਹੱਥ ਵਿਚ ਲੈ ਕੇ ਹੀ ਹੱਲ ਕਰਨਾ ਪਵੇਗਾ। ਲੋਕ-ਅਦਾਲਤਾਂ ਬਣਾ ਕੇ ਇਨ੍ਹਾਂ ਕਾਤਲਾਂ ਨੂੰ ਸਜ਼ਾ ਦਿਤੀ ਜਾ ਸਕਦੀ ਹੈ। ਲੋਕਾਂ ਕੋਲ ਇਨਸਾਫ਼ ਲੈਣ ਲਈ ਹੋਰ ਰਾਹ ਨਹੀਂ। ਇਕ ਨਾ ਇਕ ਦਿਨ ਇਹ ਕੰਮ ਉਨ੍ਹਾਂ ਨੂੰ ਆਪ ਹੀ ਕਰਨਾ ਪੈਣਾ ਹੈ। ਜਿੰਨਾਂ ਚਿਰ ਲੋਕਾਂ ਨੇ ਇਹ ਮਸਲਾ ਆਪਣੇ ਹੱਥ ਵਿਚ ਨਾ ਲਿਆ ਉਨ੍ਹਾਂ ਚਿਰ ਲੋਕ ਇਸੇ ਤਰਾਂ ਹੀ ਕਤਲ ਹੁੰਦੇ ਰਹਿਣਗੇ ਅਤੇ ਕਾਤਲ ਖੁੱਲ੍ਹੇ ਫਿਰਦੇ ਰਹਿਣਗੇ ਅਤੇ ਹੋਰ ਕਤਲ ਜਥੇਬੰਦ ਕਰਦੇ ਰਹਿਣਗੇ।